# ਕ੍ਰਿਸ਼ੀ ਗਿਆਨ ਵਾਹਨ :
# ਖੇਤੀ ਤਕਨੀਕ ਨੂੰ ਕਿਸਾਨਾਂ ਦੇ ਘਰ ਤੱਕ ਪਹੁੰਚਾਉਣਾ

**ਆਦਿਤਿਆ ਸਿਨਹਾ, ਡੀ.ਆਰ. ਸਿੰਘ ਅਤੇ ਆਰ.ਕੇ. ਸੋਹਾਣ**

**ਕ੍ਰਿਸ਼ੀ ਵਿਗਿਆਨ ਵਾਹਨ ਦੀ ਪਹਿਲ ਨੇ ਰਾਜ ਵਿੱਚ ਉਪਲਬਧ ਵਿਸਤਾਰ ਸੇਵਾਵਾਂ ਵਿੱਚ ਸ਼ਲਾਘਾਯੋਗ ਵਾਧਾ ਕੀਤਾ ਹੈ, ਜਿਸ ਨਾਲ ਬਿਹਾਰ ਵਿੱਚ ਖੇਤੀ ਉਤਪਾਦਕਤਾ ਦੇ ਵਧਣ ਦੀ ਸੰਭਾਵਨਾ ਹੈ। ਆਧੁਨਿਕ ਖੇਤੀ ਤਕਨੀਕਾਂ ਅਤੇ ਮਾਹਿਰਾਂ ਦੇ ਮਾਰਗਦਰਸ਼ਨ ਤੱਕ ਕਿਸਾਨਾਂ ਦੀ ਸਿੱਧੀ ਅਤੇ ਆਸਾਨ ਪਹੁੰਚ ਬਣਾ ਕੇ ਇਹ ਸਾਰਥਕ ਪ੍ਰਭਾਵ ਪੈਦਾ ਕਰਨ ਲਈ ਤਿਆਰ ਹੈ।**




ਡਾਕਟਰ ਬੀ. ਡੀ. ਸਿੰਘ ਸਾਇੰਟਿਸਟ ਕੇ.ਵੀ.ਕੇ. ਮੁੰਗੇਰ ਕਮਿਊਨਿਟੀ ਚੌਪਾਲ ਵਿਚ ਕਿਸਾਨਾਂ ਨਾਲ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਦੇ ਹੋਏ

ਕ੍ਰਿਸ਼ੀ ਗਿਆਨ ਵਾਹਨ ਪਹਿਲ ਭਾਰਤ ਦੇ ਬਿਹਾਰ ਸੂਬੇ ਵਿੱਚ ਸ਼ੁਰੂਕੀਤੀ ਗਈ ਤਾਂਕਿ ਦੂਰ-ਦੁਰਾਡੇ ਰਹਿਣ ਵਾਲੇ ਕਿਸਾਨਾਂ ਤੱਕ ਆਧੁਨਿਕ ਖੇਤੀ ਤਕਨੀਕਾਂ ਤੱਕ ਪਹੁੰਚ ਨੂੰ ਬਣਾਇਆ ਜਾ ਸਕੇ। ਇਸ ਪਹਿਲ ਦਾ ਉਦੇਸ਼ ਕਿਸਾਨਾਂ ਦੇ ਘਰ ਤੱਕ ਖੇਤੀ ਮਾਹਿਰਾਂ ਅਤੇ ਆਧੁਨਿਕ ਖੇਤੀ ਤਕਨੀਕਾਂ ਨੂੰ ਕਿਸਾਨਾਂ ਦੇ ਘਰ ਤੱਕ ਪਹੁੰਚਾ ਕੇ ਗਿਆਨ ਦੇ ਅੰਤਰ ਦੀ ਖਾਈ ਨੂੰ ਭਰਨਾ ਹੈ। ਸਿੱਖਿਅਕ ਉਪਕਰਨ (ਯੂਨੀਵਰਸਿਟੀ ਦੁਆਰਾ ਵਿਕਸਿਤ ਖੇਤੀ ਤਕਨੀਕਾਂ ਨੂੰ ਪ੍ਰਦਰਸ਼ਿਤ ਕਰਨ ਵਾਲੀ ਇੱਕ ਮਲਟੀਮੀਡੀਆ ਡਿਜੀਟਲ ਸਕਰੀਨ) ਨਾਲ ਸਜੇ ਹੋਏ ਇੱਕ ਮੋਬਾਇਲ ਵਾਹਨ ਦੀ ਵਰਤੋਂ ਕਰਦਿਆਂ ਇਹ ਪ੍ਰੋਗਰਾਮ ਆਵਾਜਾਈ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਸਭ ਤੋਂ ਦੂਰ-ਦੁਰਾਡੇ ਖੇਤਰਾਂ ਦੇ ਕਿਸਾਨ ਵੀ ਯੂਨੀਵਰਸਿਟੀ ਦੀਆਂ ਤਕਨਾਲੋਜੀਆਂ ਤੋਂ ਲਾਭ ਉਠਾ ਸਕਣ।

**ਉਦੇਸ਼**

ਪ੍ਰੋਗਰਾਮ ਦੇ ਮੁੱਖ ਉਦੇਸ਼ ਹਨ:

- ਯੂਨੀਵਰਸਿਟੀ ਤੋਂ ਨਵੀਨਤਮ ਖੇਤੀ ਜਾਣਕਾਰੀਆਂ ਅਤੇ

ਨਵੀਆਂ ਤਕਨੀਕਾਂ ਕਿਸਾਨਾਂ ਨਾਲ ਸਾਂਝੀਆਂ ਕਰਨਾ

- ਮਿੱਟੀ ਪਰਖ ਸੇਵਾਵਾਂ, ਫਸਲਾਂ ਦੀਆਂ ਬਿਮਾਰੀਆਂ ਦੀ ਜਾਂਚ, ਪਸ਼ੂ ਪਾਲਣ ਨਾਲ ਸੰਬੰਧਿਤ ਮੁੱਦੇ ਅਤੇ ਹੋਰ ਬਹੁਤ ਸਾਰੇ ਖੇਤੀਬਾੜੀ ਤਰੀਕਿਆਂ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਸਹੂਲਤਾਂ ਅਤੇ ਸਰੋਤ ਪ੍ਰਦਾਨ ਕਰਨਾ
- ਵੱਖ-ਵੱਖ ਜਿਲ੍ਹਿਆਂ ਵਿੱਚ ਖੇਤਰ ਵਿੱਚ ਚੰਗੀ ਤਰ੍ਹਾਂ ਕੰਮ ਕਰਨ ਵਾਲੀਆਂ ਖੇਤੀ ਤਕਨੀਕਾਂ ਬਾਰੇ ਜਾਗਰੂਕਤਾ ਵਧਾਉਣਾ

### ਕ੍ਰਿਸ਼ੀ ਗਿਆਨ ਵਾਹਨ

ਕ੍ਰਿਸ਼ੀ ਗਿਆਨ ਵਾਹਨ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਉਪਲਬਧ ਕਰਵਾਉਂਦਾ ਹੈ ਜਿਸਦਾ ਸਾਰ ਬਾਕਸ ਨੰ 1 ਵਿੱਚ ਦਿੱਤਾ ਗਿਆ ਹੈ। ਕ੍ਰਿਸ਼ੀ ਗਿਆਨ ਵਾਹਨ ਵਿੱਚ ਖੇਤੀ ਵਿਸਥਾਰ ਗਤੀਵਿਧੀਆ ਵਿੱਚ ਮੱਦਦ ਕਰਨ ਵਾਲੇ ਕਈ ਤਰ੍ਹਾ ਦੇ ਸੰਦਾਂ ਅਤੇ ਸਾਮਾਨ ਨਾਲ ਲੈਸ ਹੈ। ਇਸ ਵਿੱਚ ਪੌਸ਼ਟਿਕ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਤਾਂਕਿ ਕਿੰਨੀ ਖਾਦ ਪਾਈ ਜਾਵੇ ,ਦੀ ਯੋਜਨਾ ਬਣਾਈ ਜਾ ਸਕੇ, ਦਾ ਪਤਾ ਲਗਾਉਣ ਵਾਲੀ ਟੈਸਟਿੰਗ ਕਿੱਟ, ਕੀਟਾਂ ਦਾ ਪਤਾ ਲਗਾਉਣ ਲਈ ਡਿਜੀਟਲ ਸਟੀਰੀਓ ਮਾਈਕ੍ਰੋਸਕੋਪ ਕਿੱਟ, ਫਸਲ ਦੀ ਬਿਮਾਰੀ ਪਤਾ ਲਗਾਉਣਾ, ਬੀਜ ਦੀ ਗੁਣਵੱਤਾ ਦਾ ਪਤਾ ਲਗਾਉਣਾ ਅਤੇ ਮਿੱਟੀ ਦਾ ਵਿਸ਼ਲੇਸ਼ਣ ਆਦਿ ਸੁਵਿਧਾਵਾਂ ਉਪਲਬਧ ਹਨ। ਡਿਜੀਟਲ ਕੰਪਾਊਂਡ ਮਾਈਕ੍ਰੋਸਕੋਪ ਵਿਗਿਆਨਕ ਅਧਿਐਨਾਂ, ਬਿਮਾਰੀਆਂ ਦੇ ਨਿਦਾਨ, ਬੀਜ ਪ੍ਰਜਣਨ ਅਤੇ ਖੇਤੀ ਨਿਯੰਤ੍ਰਣ ਦੇ ਲਈ ਰਸਾਇਣਾਂ ਅਤੇ ਪ੍ਰਜਾਤੀਆਂ ਦੇ ਅਧਿਐਨ ਵਿੱਚ ਮੱਦਦ ਕਰਦਾ ਹੈ। ਵੱਖ-ਵੱਖ ਸਮੱਗ੍ਰੀਆਂ ਨੂੰ ਸੁਰੱਖਿਅਤ ਰੱਖਣ ਲਈ ਇੱਕ ਫਰਿੱਜ ਹੈ ਜਦੋਂਕਿ ਮਾਈਕ੍ਰੋਬਾਇਓਲੋਜੀਕਲ ਅਧਿਐਨਾਂ ਅਤੇ ਟੀਕਾਕਰਨ ਪ੍ਰੋਗਰਾਮਾਂ ਲਈ ਇੱਕ ਬੀਓਡੀ ਇਨਕਿਊਬੇਟਰ ਹੈ।ਇੱਕ ਇਲੈਕਟ੍ਰਾਨਿਕ ਬੈਲੇਂਸ ਨਮੂਨਿਆਂ ਦੇ ਸਹੀ ਮਾਪ ਨੂੰ ਯਕੀਨੀ ਬਣਾਉਂਦਾ ਹੈ। ਇੱਕ ਵਾਇਰਲੈੱਸ ਮਾਈਕ ਅਤੇ ਇੰਦਕ ਐਂਪਲੀਫਾਇਰ ਸਪੀਕਰ ਸਿਸਟਮ ਰਾਹੀ ਜਨਤਕ ਘੋਸ਼ਣਾਵਾਂ ਕੀਤੀਆਂ ਜਾਂਦੀਆਂ ਹਨ। ਫੋਲਡ ਕੀਤੇ ਜਾ ਸਕਣ ਵਾਲੇ ਟ੍ਰੇਵਿਸ ਦੀ ਵਰਤੋਂ ਪਸ਼ੂਆਂ ਦੇ ਬਣਾਵਟੀ ਗਰਭਧਾਰਨ ਪ੍ਰਕ੍ਰਿਆ ਵਿੱਚ ਕੀਤੀ ਜਾਂਦੀ ਹੈ ਅਤੇ ਹੀਮੈਟੋ-ਵਿਸ਼ਲੇਸ਼ਕ ਖੂਨ ਦੀ ਪੂਰੀ ਜਾਂਚ ਕਰਕੇ ਅਨੀਮੀਆਂ ਅਤੇ ਲਾਗ ਦੀ ਪਛਾਣ ਕਰਦਾ ਹੈ। ਮਲਟੀ-ਪੈਰਾਮੀਟਰ ਮਾਨੀਟਰ ਅਸਲੀ ਨਿਗਰਾਨੀ ਅਤੇ ਦੇਖਭਾਲ ਵਿੱਚ ਮੱਦਦ ਕਰਦਾ ਹੈ। ਇੰਟਰਨੈਟ ਦੀ ਉਪਲਬਧਤਾ ਅਤੇ ਇੱਕ ਕੰਪਿਊਟਰ ਕਿਸਾਨਾਂ ਦੇ ਲਈ ਜਰੂਰੀ ਜਾਣਕਾਰੀ ਅਤੇ ਗਿਆਨ ਦੇ ਸਰੋਤਾਂ ਤੱਕ ਜ਼ਰੂਰੀ ਪਹੁੰਚ ਪ੍ਰਦਾਨ ਕਰਦਾ ਹੈ।

### ਢੰਗ-ਤਰੀਕੇ

ਬਿਹਾਰ ਵਿੱਚ ਕੁੱਲ ਚਾਰ ਕ੍ਰਿਸ਼ੀ ਵਾਹਨ ਲਗਾਏ ਗਏ: ਸਬੌਰ ਵਿਖੇ ਬਿਹਾਰ ਖੇਤੀ ਯੂਨੀਵਰਸਿਟੀ, ਪਟਨਾ ਸਥਿਤ ਬਿਹਾਰ ਪਸ਼ੂਵਿਗਿਆਲ ਯੂਨੀਵਰਸਿਟੀ, ਪੂਸਾ, ਸਮਸਤੀਪੁਰ ਸਥਿਤ ਡਾ. ਰਾਜੇਂਦਰ ਪ੍ਰਸਾਦ ਕੇਂਦਰੀ ਖੇਤੀ ਯੂਨੀਵਰਸਿਟੀ ਅਤੇ ਪਟਨਾ ਸਥਿਤ ਬਿਹਾਰ ਖੇਤੀ ਪ੍ਰਬੰਧਨ ਅਤੇ ਵਿਸਥਾਰ ਸੰਸਥਾਨ (ਬੀਏਐਮਈਟੀਆਈ) ਵਿੱਚ ਇੱਕ-ਇੱਕ ਵਾਹਨ।ਇਹ ਜਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਇੱਕ ਪੂਰਵ-ਨਿਰਧਾਰਤ ਪ੍ਰੋਗ੍ਰਾਮ ਦੇ ਅਨੁਸਾਰ ਜਿਲ੍ਹਿਆਂ ਵਿੱਚ ਵਿਭਿੰਨ ਪਿੰਡਾਂ ਵਿੱਚ ਯਾਤਰਾ ਕਰਦਾ ਹੈ। ਇਸਦੇ ਯੂਟਿਊਬ ਚੈਨਲ (www.youtube.com/bausabour) ਉੱਪਰ ਉਪਲਬਧ 200 ਤੋਂ ਜ਼ਿਆਦਾ ਹਿੰਦੀ ਵੀਡਿਓ ਦੇ ਸੰਗ੍ਰਹਿ ਵਿੱਚੋਂ ਵੀਡੀਓ ਮਲਟੀਮੀਡੀਆ ਵੀਡੀਓ ਸਕਰੀਨ ਉੱਪਰ ਚਲਾਏ ਜਾਂਦੇ ਹਨ। ਇਹਨਾਂ ਤਕਨੀਕਾਂ ਮਾਹਿਰਾਂ ਦੇ ਸਹਿਯੋਗ ਦੇ ਨਾਲ ਵਿਕਸਿਤ ਕੀਤਾ ਗਿਆ ਹੈ ਜੋ ਇੱਛੁੱਕ ਕਿਸਾਨਾਂ ਨੂੰ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੇ ਹਨ।

ਪਿੰਡ ਵਿੱਚ ਕ੍ਰਿਸ਼ੀ ਗਿਆਨ ਵਾਹਨ ਦੇ ਆਉਣ ਤੋਂ ਇੱਕ ਹਫ਼ਤਾ ਪਹਿਲਾ, ਨੌਜਵਾਨ ਪੇਸ਼ੇਵਰ ਅਤੇ ਹੋਰ ਮੈਂਬਰ ਕਿਸਾਨਾਂ ਦੀਆਂ ਜਰੂਰਤਾਂ ਬਾਰੇ ਮੁੱਢਲੀ ਜਾਣਕਾਰੀ ਇਕੱਠੀ ਕਰਦੇ ਹਨ। ਇਸਦੇ ਆਧਾਰ 'ਤੇ ਜਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇਵੀਕੇ) ਦੇ ਦੋ ਮਾਹਰਾਂ ਨੂੰ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਨਿਯੁਕਤ ਕੀਤਾ ਗਿਆ ਹੈ। ਕਿਸਾਨ ਗਿਆਨ ਵਾਹਨ ਵਿੱਚ ਘੱਟੋਂ-ਘੱਟ ਚਾਰ ਮਾਹਰ ਹਮੇਸ਼ਾ ਮੌਜੂਦ ਰਹਿੰਦੇ ਹਨ : ਕੇਵੀਕੇ ਦੇ ਦੋ ਮਾਹਰ, ਆਤਮਾ ਤੋਂ ਇੱਕ ਖੇਤੀਬਾੜੀ ਤਕਨਾਲੋਜੀ ਮੈਨੇਜਰ ਜਾਂ ਬਲਾਕ ਤਕਨਾਲੋਜੀ ਮੈਨੇਜਰ ਅਤੇ ਖੇਤੀਬਾੜੀ ਵਿੱਚ ਮਾਸਟਰ ਡਿਗਰੀ ਵਾਲਾ ਨੌਜਵਾਨ ਪੇਸ਼ੇਵਰ ਜੋ ਪ੍ਰੋਗਰਾਮ ਵਿੱਚ ਸ਼ਾਮਲ ਹੈ।ਇਸ ਤਰ੍ਹਾ, ਕਿਸਾਨ ਗਿਆਨ ਵਾਹਨ ਦਾ ਉਦੇਸ਼ ਖੇਤੀ ਦੀਆਂ ਵਿਲੱਖਣ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਨੁਕੂਲ ਸਲਾਹ ਅਤੇ ਹੱਲ ਪ੍ਰਦਾਨ ਕਰਨ ਦੇ ਨਾਲ-ਨਾਲ ਵਿਭਿੰਨ ਅਤੇ ਖੇਤਰ ਵਿਸ਼ੇਸ਼ ਖੇਤੀ ਚੁਣੌਤੀਆਂ ਨੂੰ ਹੱਲ ਕਰਨਾ ਵੀ ਹੈ।

### ਜ਼ਮੀਨੀ ਅਨੁਭਵ -ਕੇਵੀਕੇ ਮੁੰਗੇਰ ਦਾ ਇੱਕ ਮਾਮਲਾ

ਮਈ 2023 ਦੇ ਦੌਰਾਨ, ਸਾਬੌਰ ਦੇ ਬਿਹਾਰ ਖੇਤੀ ਯੂਨੀਵਰਸਿਟੀ ਦੇ ਵਿਸਥਾਰ ਸਿੱਖਿਆ ਨਿਰਦੇਸ਼ਕ ਨੇ ਕ੍ਰਿਸ਼ੀ ਗਿਆਨ ਵਾਹਨ ਦੀ 20 ਮਈ 2024 ਨੂੰ ਕੇਵੀਕੇ ਮੁੰਗੇਰ ਵਿਖੇ ਯਾਤਰਾ ਆਯੋਜਿਤ ਕੀਤੀ ਅਤੇ ਇਸ ਧਿਆਂਲ ਨਾਲ ਲੀਕੇ ਯੋਜਨਾਬੱਧ ਯਾਤਰਾ ਪ੍ਰੋਗ੍ਰਾਮ ਵਿੱਚ ਜਿਲ੍ਹੇ ਭਰ ਦੇ ਵੱਖ-ਵੱਖ ਬਲਾਕਾਂ ਅਤੇ ਪਿੰਡਾਂ ਨੂੰ ਸ਼ਾਮਲ ਕੀਤਾ ਗਿਆ। ਕਵਰ ਕੀਤੇ ਗਏ ਸਥਾਨਾਂ ਵਿੱਚ ਤੇਤੀਆਬੰਬਰ (20 ਮਈ), ਸਮਰਾਮਪੁਰ (21 ਮਈ), ਤਾਰਾਪੁਰ ਅਤੇ ਆਸਰਗੰਜ (22 ਮਈ), ਬਰਿਆਰਪੁਰ (23 ਮਈ), ਸਦਰ (24 ਮਈ) ਅਤੇ ਜਮਾਲਪੁਰ ਅਤੇ ਧਾਰਹਾਰਾ (25 ਮਈ) ਸ਼ਾਮਲ ਸਨ।

ਇਸ ਪਹਿਲ ਦੀ ਅਗਵਾਈ ਕੇਵੀਕੇ ਮੁੰਗੇਰ ਦੇ ਦੋ ਅਨੁਭਵੀ ਮਾਹਰ ਡਾ.ਬੀ.ਡੀ. ਸਿੰਘ ਜੋ ਕਿ ਵਿਸਥਾਰ ਸਿੱਖਿਆ ਵਿਸ਼ੇ ਦੇ ਮਾਹਰ ਹਨ ਅਤੇ ਡਾ. ਸੁਜਾਤਾ ਕੁਮਾਰੀ ਜੋ ਕਿ ਗ੍ਰਹਿ ਵਿਗਿਆਨ ਦੇ ਮਾਹਿਰ ਹਨ। ਇਹਨਾਂ ਵਿਗਿਆਨੀਆਂ ਨੇ ਕਿਸਾਨਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਉਹਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਉਹਨਾਂ ਨੂੰ ਸਥਾਨਕ ਵਾਤਾਵਰਣ ਦੇ ਅਨੁਸਾਰ ਤਿਆਰ ਕੀਤੀਆਂ ਗਈਆਂ ਨਵੀਆਂ ਖੇਤੀ ਤਕਨੀਕਾਂ ਤੋਂ ਜਾਣੂ ਕਰਵਾਇਆ। ਇਹਨਾਂ ਦੋ ਵਿਗਿਆਨੀਆਂ ਤੋਂ ਇਲਾਵਾ, ਰਾਜ ਦੇ ਖੇਤੀਬਾੜੀ ਵਿਭਾਗ ਦੇ ਵਿਸਥਾਰ ਅਧਿਕਾਰੀ ਵੀ ਮੌਜੂਦ ਸਨ।

ਲਖਨਪੁਰ ਪਿੰਡ ਵਿਖੇ ਕ੍ਰਿਸ਼ੀ ਗਿਆਨ ਵਾਹਨ ਦੇ ਤਜ਼ਰਬਿਆਂ ਦਾ ਵੇਰਵਾ ਅੱਗੇ ਹੈ। 22 ਮਈ ਨੂੰ, ਕ੍ਰਿਸ਼ੀ ਗਿਆਨ ਵਾਹਨ ਤਾਰਾਪੁਰ ਬਲਾਕ ਦੇ ਤਾਰਾਪੁਰ ਪਿੰਡ ਵਿੱਚ ਪਹੁੰਚਿਆ। ਵਾਹਨ ਨੂੰ ਪਿੰਡ ਦੀ ਚੌਪਾਲ ਵਿੱਚ ਖੜਾ ਕੀਤਾ ਗਿਆ ਜੋ ਕਿ

## ਬਾਕਸ 1 : ਵਿਸ਼ੇਸ਼ਤਾਵਾਂ ਅਤੇ ਸੇਵਾਵਾਂ

| ਵਧੀਆ ਵਿਸਥਾਰ ਦੇ ਤਰੀਕੇ | ਵੇਰਵਾ | ਫਾਇਦੇ |
|---|---|---|
| ਮੋਬਾਈਲ ਵਿਸਥਾਰ ਸੇਵਾਵਾਂ | ਕ੍ਰਿਸ਼ੀ ਗਿਆਨ ਵਾਹਨ ਕਿਸਾਨਾਂ ਨੂੰ ਮੋਬਾਈਲ ਵਿਸਥਾਰ ਸੇਵਾਵਾਂ ਉਪਲਬਧ ਕਰਵਾਉਂਦਾ ਹੈ ਅਤੇ ਉਹਨਾਂ ਦੇ ਪਿੰਡਾਂ ਤੱਕ | ਦੂਰ-ਦੁਰੇਡੇ ਦੇ ਕਿਸਾਨਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਬਾਰੇ ਜਾਣਕਾਰੀ ਮਿਲਦੀ ਹੈ। |
| ਮਿੱਟੀ ਪਰੀਖਣ ਸੇਵਾਵਾਂ | ਮਿੱਟੀ ਨੂੰ ਕਿਹੜੇ ਪੋਸ਼ਣ ਤੱਤਾਂ ਦੀ ਲੋੜ ਹੈ ਅਤੇ ਮਿੱਟੀ ਦੀ ਸਿਹਤ ਬਾਰੇ ਮੌਕੇ ਤੇ ਹੀ ਟੈਸਟ ਕਰਕੇ ਦੱਸਣਾ | ਕਿਸਾਨਾਂ ਨੂੰ ਤੁਰੰਤ ਕਿੰਨੀ ਅਤੇ ਕਿਹੜੀ ਖਾਦ ਵਰਤਣੀ ਹੈ, ਬਾਰੇ ਪਤਾ ਲੱਗਦਾ ਹੈ ਜਿਸ ਨਾਲ ਮਿੱਟੀ ਦੀ ਸਿਹਤ ਅਤੇ ਫਸਲ |
| ਫਸਲ ਵਿਸ਼ੇਸ਼ ਸੁਝਾਅ | ਖਾਸ ਫਸਲਾਂ ਜਿਵੇਂ ਅਨਾਜ ਅਤੇ ਬਾਗਬਾਨੀ ਨਾਲ ਸੰਬਧਿਤ ਸਮੱਸਿਆਵਾਂ ਲਈ ਉਸੇ ਅਨੁਸਾਰ ਸਲਾਹ ਦਿੱਤੀ ਜਾਂਦੀ | ਫਸਲ ਪ੍ਰਬੰਧਨ ਵਿੱਚ ਸੁਧਾਰ ਹੁੰਦਾ ਹੈ ਅਤੇ ਰੋਗਾਂ ਅਤੇ ਕੀਟਾਂ ਕਰਕੇ ਹੋਣ ਵਾਲਾ ਨੁਕਸਾਨ ਘਟਦਾ ਹੈ। |
| ਪਸ਼ੂਸਿਹਤ ਸੇਵਾਵਾਂ | ਪਸ਼ੂਆਂ ਦੀਆਂ ਸਮੱਸਿਆਵਾਂ ਦੀ ਅਤੇ ਰੋਗਾਂ ਦੀ ਪਛਾਣ | ਰੋਗ ਦੀ ਜਲਦੀ ਪਛਾਣ ਕਰਕੇ ਪਸ਼ੂਧਨ ਦਾ ਨੁਕਸਾਨ ਨਹੀਂ ਹੁੰਦਾ ਅਤੇ ਉਤਪਾਦਕਤਾ ਵਧਦੀ ਹੈ। |
| ਆਧੁਨਿਕ ਤਕਨੀਕਾਂ ਦਾ ਪ੍ਰਦਰਸ਼ਨ | ਐਲਈਡੀ ਸਕਰੀਨ ਉੱਪਰ ਖੇਤੀ ਦੇ ਆਧੁਨਿਕ ਤਰੀਕਿਆਂ ਬਾਰੇ ਵੀਡੀਓ | ਕਿਸਾਨ ਆਸਾਨੀ ਨਾਲ ਤਕਨੀਕਾਂ ਬਾਰੇ ਸਮਝ ਕੇ ਉਹਨਾਂ ਨੂੰ ਅਪਣਾ ਸਕਦੇ ਹਨ ਜਿਸ ਨਾਲ ਉਤਪਾਦਨ ਵਿੱਚ ਵਾਧਾ ਹੁੰਦਾ |
| ਖੇਤੀ ਸਮਾਨਾਂ ਦਾ ਵਿਤਰਣ | ਬੀਜਾਂ, ਜੈਵਿਕ ਖਾਦ ਅਤੇ ਹੋਰ ਸਮੱਗਰੀ ਕਿਸਾਨਾਂ ਵਿਚਕਾਰ ਵੰਡਣਾ | ਕਿਸਾਨਾਂ ਨੂੰ ਸਮੇਂ ਸਿਰ ਸਮੱਗਰੀ ਮਿਲਦੀ ਹੈ ਜਿਸ ਨੂੰ ਉਹ ਤੁਰੰਤ ਖੇਤਾਂ |
| ਦੋ-ਪੱਖ ਵਿਚਾਰ ਚਰਚਾ ਅਤੇ ਫੀਡਬੈਕ | ਕਿਸਾਨਾਂ ਨੂੰ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਕਰਨਾ ਅਤੇ ਮਾਹਿਰਾਂ ਨਾਲ ਤਜ਼ਰਬੇ ਸਾਂਝੇ ਕਰਨਾ | ਵਧੀਆ ਵਿਸਥਾਰ ਸੇਵਾ ਬਣਦੀ ਹੈ ਜੋ ਕਿਸਾਨ ਦੀ ਜਰੂਰਤ ਅਨੁਸਾਰ ਢਲ ਜਾਂਦੀ ਹੈ ਜਿਸ ਨਾਲ ਸਲਾਹ ਦੀ |
| ਉੱਨਤ ਡਾਇਗਨੋਸਟਿਕ ਤਕਨਾਲੋਜੀ ਦਾ ਉਪਯੋਗ | ਮਾਈਕ੍ਰੋਸਕੋਪ ਅਤੇ ਵਿਸ਼ਲੇਸ਼ਣ ਯੰਤਰਾਂ ਰਾਹੀ ਜਾਨਵਰਾਂ ਅਤੇ ਪੌਦਿਆਂ ਦੀਆਂ ਸਮੱਸਿਆਵਾਂ ਦੀ ਪਛਾਣ | ਸਹੀ ਅਤੇ ਤੇਜ਼ ਪਛਾਣ ਕਰਕੇ ਬਿਮਾਰੀ ਪ੍ਰਬੰਧਨ ਵਿੱਚ ਸੁਧਾਰ ਹੁੰਦਾ ਹੈ ਅਤੇ ਖੇਤ ਉਤਪਾਦਕਤਾ ਵਿੱਚ ਸੁਧਾਰ ਹੁੰਦਾ ਹੈ। |

ਵੱਡੇ ਪਿੱਪਲ ਦੇ ਰੁੱਖ ਹੇਠ ਸੀ। ਤੇਜ਼ੀ ਨਾਲ ਇਹ ਗੱਲ ਫੈਲ ਗਈ ਅਤੇ ਜਲਦੀ ਹੀ ਵੱਡੀ ਗਿਣਤੀ ਵਿੱਚ ਕਿਸਾਨ ਵਾਹਨ ਦੇ ਨੇੜੇ ਇਕੱਠੇ ਹੋ ਗਏ। 84 ਦੇ ਲਗਭਗ ਕਿਸਾਨਾਂ ਨੇ ਵਾਹਨ ਦਾ ਦੌਰਾ ਕੀਤਾ ਅਤੇ ਚੌਪਾਲ ਵਿੱਚ ਸ਼ਾਮਲ ਹੋਏ। ਵਾਹਨ ਦੇ ਅੰਦਰ, ਇੱਕ ਵੱਡੀ ਸਕਰੀਨ ਲਗਾਈ ਗਈ ਸੀ, ਜਿਸ ਉੱਪਰ ਏਕੀਕ੍ਰਿਤ ਖੇਤੀ ਪ੍ਰਣਾਲੀ ਉੱਪਰ ਵੀਡੀਓ ਚਲਾਇਆ ਗਿਆ ਜਿਸ ਵਿੱਚ ਫਸਲ ਉਤਪਾਦਨ, ਪਸ਼ੂ ਪ੍ਰਬੰਧਨ ਅਤੇ ਹੋਰ ਗਤੀਵਿਧੀਆਂ ਰਹੀ ਕਿਵੇਂ ਉਤਪਾਦਕਤਾ ਅਤੇ ਮੁਨਾਫ਼ਾ ਵਧਾਇਆ ਜਾ ਸਕਦਾ ਹੈ, ਬਾਰੇ ਜਾਣਕਾਰੀ ਦਿੱਤੀ ਗਈ।

ਕਿਸਾਨਾਂ ਨੇ ਵੀਡੀਓ ਨੂੰ ਧਿਆਨ ਨਾਲ ਦੇਖਿਆ, ਬਹੁਤ ਸਾਰੇ ਕਿਸਾਨਾਂ ਨੇ ਪਹਿਲੀ ਵਾਰ ਅਜਿਹੀ ਤਕਨਾਲੋਜੀ ਅਤੇ ਜਾਣਕਾਰੀ ਦੇਖੀ।

ਦ੍ਰਿਸ਼ ਪੇਸ਼ਕਾਰੀ ਨੇ ਗੁੰਝਲਦਾਰ ਵਿਚਾਰਾਂ ਨੂੰ ਪਹੁੰਚਯੋਗ ਬਣਾਇਆ ਅਤੇ ਆਈਐਫਐਸ ਦੀ ਉਹਨਾਂ ਦੇ ਆਪਣੇ ਖੇਤਾਂ ਦੇ ਲਈ ਸਾਰਥਕਤਾ ਤੁਰੰਤ ਸਪੱਸ਼ਟ ਹੋ ਗਈ। ਕਿਸਾਨ ਦਿਖਾਏ ਗਏ ਤਰੀਕਿਆਂ ਦੀ ਸਾਦਗੀ ਅਤੇ ਪ੍ਰਭਾਵਸ਼ੀਲਤਾ ਤੋਂ ਬੜੇ ਪ੍ਰਭਾਵਿਤ ਹੋਏ, ਜੋ ਕਿ ਇਸ ਤਰ੍ਹਾ ਤਿਆਰ ਕੀਤੇ ਗਏ ਸਨ ਕਿ ਉਪਲਬਧ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਵੀ ਹੋ ਸਕੇ ਅਤੇ ਵਾਤਾਵਰਣ ਉੱਪਰ ਪ੍ਰਭਾਵ ਵੀ ਘੱਟ ਤੋਂ ਘੱਟ ਹੋਵੇ।

ਜਿਵੇਂ ਹੀ ਵੀਡੀਓ ਖਤਮ ਹੋਇਆ, ਡਾ. ਬੀ.ਡੀ. ਸਿੰਘ ਅੱਗੇ ਵਧੇ ਅਤੇ ਕਿਸਾਨਾਂ ਨੂੰ ਉਸੇ ਭਾਸ਼ਾ ਵਿੱਚ ਸੰਬੋਧਿਤ ਕੀਤਾ ਜਿਸ ਨਾਲ ਉਹ ਜੁੜੇ ਹੋਏ ਸਨ ਅਤੇ ਜਿਸਨੂੰ ਉਹ ਸਮਝਦੇ ਸਨ। ਉਹਨਾਂ ਨੇ ਦੱਸਿਆ ਕਿ ਕਿਵੇਂ ਆਈਐਫਐਸ ਮਾਡਲ ਨੂੰ ਉਹਨਾਂ ਦੀਆਂ ਖਾਸ ਜ਼ਰੂਰਤਾਂ ਅਨੁਸਾਰ ਢਾਲਿਆ ਜਾ ਸਕਦਾ ਹੈ ਅਤੇ ਉਹਨਾਂ ਨੇ ਫਸਲ ਦੀ ਚੋਣ, ਪਸ਼ੂਆਂ ਦੇ ਪ੍ਰਬੰਧਨ ਅਤੇ ਸਰੋਤ ਪ੍ਰਬੰਧਨ ਸੰਬੰਧੀ ਸਵਾਲਾਂ ਦੇ ਜਵਾਬ ਦਿੱਤੇ। ਉਹਨਾਂ ਦੀਆਂ ਵਿਆਖਿਆਵਾਂ ਵਿੱਚ ਡਾ. ਸੁਜਾਤਾ ਕੁਮਾਰੀ ਨੇ ਵੀ ਯੋਗਦਾਨ ਦਿੱਤਾ ਅਤੇ ਉਹਨਾਂ ਨੇ ਘਰੇਲੂਵਿਗਿਆਨ ਦੇ ਪਹਿਲੂਆਂ ਜਿਵੇਂਕਿ ਸਫਾਈ ਨਾਲ ਸੰਬੰਧਿਤ ਮੁੱਦਿਆਂ, ਖੇਤੀ ਦੀਆਂ ਔਖਿਆਈਆਂ ਆਦਿ ਬਾਰੇ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਦਿਲਚਸਪੀ ਰੱਖਣ ਵਾਲੇ ਕਿਸਾਨਾਂ ਵਿਚਕਾਰ ਆਈਐਫਐਸ ਬਾਰੇ ਪਰਚੇ ਵੀ ਵੰਡੇ।

ਇਹ ਗੱਲਬਾਤ ਸਵਾਲ-ਜਵਾਬ ਸੈਸ਼ਨ ਨਾਲ ਹੀ ਖਤਮ ਨਹੀਂ ਹੋ ਗਈ। ਕਿਸਾਨਾਂ ਨੂੰ ਆਪਣੇ ਤਜ਼ਰਬੇ ਅਤੇ ਚੁਣੌਤੀਆਂ ਸਾਂਝੀਆਂ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਜਿਸ ਨਾਲ ਦੋ-ਪੱਖੀ ਗੱਲਬਾਤ ਨੂੰ ਹੁੰਗਾਰਾ ਮਿਲਿਆ। ਵਿਗਿਆਨੀਆਂ ਨੇ ਫੀਡਬੈਕ ਨੂੰ ਆਪਣੇ ਕੋਲ ਨੋਟ ਕੀਤਾ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੇਵੀਕੇ ਦੀਆਂ ਭਵਿੱਖ ਦੀਆਂ ਪਹਿਲਾਂ ਹੋਰ ਵੀ ਪ੍ਰਭਾਵਸ਼ਾਲੀ ਹੋਣ।

ਜਿਵੇਂ ਹੀ ਸੂਰਜ ਖਿਤਿਜ ਵੱਲ ਡੁੱਬ ਰਿਹਾ ਸੀ, ਕ੍ਰਿਸ਼ੀ ਗਿਆਨ ਵਾਹਨ ਆਪਣੇ ਅਗਲੇ ਪੜਾਅ ਵੱਲ ਵਧਣ ਲੱਗਿਆ। ਲਖਨਪੁਰ ਪਿੰਡ ਦੇ ਕਿਸਾਨ ਚੌਪਾਲ ਤੋਂ ਉਤਸ਼ਾਹਿਤ ਅਤੇ ਸਿੱਖੀਆਂ ਗਈਆਂ ਤਕਨੀਕਾਂ ਨੂੰ ਆਪਣੇ ਖੇਤਾਂ ਵਿੱਚ ਲਾਗੂ ਕਰਨ ਦੇ ਲਈ ਤਿਆਰ ਹੋ ਕੇ ਨਿਕਲੇ। ਵਿਗਿਆਨੀਆਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮੈਂਬਰਾਂ ਦੇ ਮੋਬਾਇਲ ਨੰਬਰ ਲੈਂਦਿਆਂ ਉਹਨਾਂ ਦਾ ਉਤਸ਼ਾਹ ਸਾਫ਼ ਨਜਰ ਆ ਰਿਹਾ ਸੀ।

### ਚੁਣੌਤੀਆਂ

ਕ੍ਰਿਸ਼ੀ ਗਿਆਨ ਵਾਹਨ ਪਹਿਲ ਨੂੰ ਕਈ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਸਮੱਸਿਆਵਾਂ ਵਿੱਚੋਂ ਇੱਕ ਹੈ ਖਰਾਬ ਸੜਕਾਂ ਦੇ ਕਾਰਨ ਦੂਰ ਦੇ ਖੇਤਰਾਂ ਤੱਕ ਪਹੁੰਚਣ ਵਿੱਚ ਕਠਿਨਾਈ, ਜੋ ਸਮੇਂ 'ਤੇ ਪਹੁੰਚਣ ਅਤੇ ਸੇਵਾ

ਉਪਲਬਧ ਕਰਵਾਉਣ ਵਿੱਚ ਮੁਸ਼ਕਿਲ ਖੜੀ ਕਰਦੀ ਹੈ।ਇਸਦੇ ਨਾਲ-ਨਾਲ ਵਿਭਿੰਨ ਖੇਤਰਾਂ ਵਿੱਚ ਵੱਖ-ਵੱਖ ਖੇਤੀ ਪੱਦਤੀਆਂ ਹੋਣ ਕਾਰਨ ਇੱਕ ਮਾਨਕ ਪੱਦਤੀ ਨੂੰ ਲਾਗੂਕਰਨਾ ਔਖਾ ਹੋ ਜਾਂਦਾ ਹੈ ਜਿਸਦੇ ਲਈ ਸਥਾਨਕ ਅਤੇ ਅਨੁਕੂਲ ਹੱਲ ਦੀ ਲੋੜ ਹੁੰਦੀ ਹੈ। ਕਿਸਾਨਾਂ ਵਿਚਕਾਰ ਭਾਸ਼ਾ ਵਿੱਚ ਅੰਤਰ ਅਤੇ ਵੱਖ-ਵੱਖ ਸਾਖਰਤਾ ਪੱਧਰ ਹੋਣ ਕਰਕੇ ਉਹਨਾਂ ਨਾਲ ਗੱਲਬਾਤ ਵਿੱਚ ਔਖਿਆਈ ਪੇਸ਼ ਆਉਂਦੀ ਹੈ ਜਿਸ ਨਾਲ ਉੱਚ ਪੱਧਰ ਦੇ ਖੇਤੀ ਗਿਆਨ ਨੂੰ ਸਾਂਝਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਵੱਖ-ਵੱਖ ਖੇਤੀ ਪੱਦਤੀਆਂ ਦੀ ਚੁਣੌਤੀ ਨੂੰ ਗਿਆਨ ਦੇ ਪ੍ਰਸਾਰ ਲਈ ਲਚਕੀਲੇ ਅਤੇ ਮੌਡਿਊਲ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਦੂਰ ਕੀਤਾ ਗਿਆ। ਇਸਦਾ ਮਤਲਬ ਹੈ ਕਿ ਇੱਕ ਹੀ ਨਿਰਧਾਰਿਤ ਹੱਲ ਦੇਣ ਦੀ ਬਜਾਏ ਇੱਕ ਅਜਿਹੀ ਸਮੱਗਰੀ ਤਿਆਰ ਕੀਤੀ ਗਈ ਜੋ ਵੱਖ-ਵੱਖ ਸੰਦਰਭਾਂ ਵਿੱਚ ਅਪਣਾਈ ਜਾ ਸਕੇ।ਇਸ ਨੂੰ ਕਰਨ ਲਈ ਖੇਤਰ ਵਿਸ਼ੇਸ਼ ਵਿਸ਼ੇ ਲਈ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ। ਇਹ ਲਾਇਬ੍ਰੇਰੀਆਂ ਵੱਖ-ਵੱਖ ਖੇਤਰਾਂ ਦੀਆਂ ਵਿਸ਼ੇਸ਼ ਜਰੂਰਤਾਂ ਅਤੇ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤੀਆਂ ਵਿਸ਼ੇਸ਼ ਸਮੱਗ੍ਰੀਆਂ ਉਪਲਬਧ ਕਰਵਾਉਂਦੀਆਂ ਹਨ ਜਿਵੇਂ ਕਿ ਉੱਥੇ ਉਗਾਈਆਂ ਜਾਂਦੀਆਂ ਖਾਸ ਫਸਲਾਂ, ਸਥਾਨਕ ਮੌਸਮ ਦੇ ਕਾਰਕ ਅਤੇ ਰਵਾਇਤੀ ਖੇਤੀ ਤਕਨੀਕਾਂ। ਇਹਨਾਂ ਸਰੋਤਾਂ ਦੀ ਵਰਤੋਂ ਕਰਕੇ ਟੀਮਾਂ ਆਪਣੀ ਜਰੂਰਤ ਦੇ ਅਨੁਸਾਰ ਆਪਣਾ ਸਿਖਲਾਈ ਪਾਠਕ੍ਰਮ ਤਿਆਰ ਕਰ ਸਕਦੀਆਂ ਹਨ ਤਾਂਕਿ ਕਿਸਾਨਾਂ ਨੂੰ ਉਹਨਾਂ ਦੇ ਲੋੜ ਦੀ ਜਾਣਕਾਰੀ ਉਪਲਬਧ ਕਰਵਾਈ ਜਾ ਸਕੇ।

ਇਸ ਲਚਕੀਲੇਪਨ ਨੇ ਇਹ ਯਕੀਨੀ ਬਣਾਇਆ ਕਿ ਦਿੱਤੀ ਗਈ ਜਾਣਕਾਰੀ ਵੱਖ-ਵੱਢ ਖੇਤਰਾਂ ਦੇ ਕਿਸਾਨਾਂ ਦੇ ਲਈ ਪ੍ਰਸੰਗਿਕ ਹੋਵੇ ਅਤੇ ਉਹਨਾਂ ਦੁਆਰਾ ਤੁਰੰਤ ਲਾਗੂਕੀਤੀ ਜਾ ਸਕੇ। ਭਾਸ਼ਾਈ ਅਤੇ ਵੱਖ-ਵੱਖ ਸਿੱਖਿਆ ਪੱਧਰਾਂ ਦੀ ਚੁਣੌਤੀ ਨੂੰ ਹੱਲ ਕਰਨ ਲਈ ਬਹੁ ਸਰੰਚਿਤ ਸੰਚਾਰ ਰਣਨੀਤੀ ਨੂੰ ਅਪਣਾਇਆ ਗਿਆ ਜਿਸ ਵਿੱਚ ਸਥਾਨਕ ਖੇਤੀ ਮਾਹਿਰਾਂ (ਆਤਮਾ ਸਕੀਮ ਤਹਿਤ ਖੇਤੀ ਤਕਨਾਲੋਜੀ ਮੈਨੇਜਰ, ਬਲਾਕ ਤਕਨਾਲੋਜੀ ਮੈਨੇਜਰ) ਦੀ ਸਹਾਇਤਾ ਲੈਣਾ ਸ਼ਾਮਲ ਸੀ ਜੋ ਸਥਾਨਕ ਭਾਸ਼ਾ ਵਿੱਚ ਗੱਲਬਾਤ ਕਰ ਸਕਦੇ ਹੋਣ।

**ਫਾਇਦੇ ਅਤੇ ਪ੍ਰਭਾਵ**

ਬਿਹਾਰ ਖੇਤੀ ਯੂਨੀਵਰਸਿਟੀ , ਸਬੌਰ ਦੇ ਕ੍ਰਿਸ਼ੀ ਗਿਆਨ ਵਾਹਨ ਨੇ ਮਈ ਤੋਂ ਅਗਸਤ 2024 ਦਰਮਿਆਨ 12 ਜ਼ਿਲ੍ਹਿਆਂ ਦੇ 52 ਬਲਾਕਾਂ ਵਿੱਚ 87 ਤੋਂ ਵੱਧ ਸਥਾਨਾਂ ਦੀ ਯਾਤਰਾ ਕੀਤੀ ਹੈ ਅਤੇ 6712 ਤੋਂ ਵੱਧ ਕਿਸਾਨਾਂ (ਜਿੰਨਾਂ ਨੇ ਪ੍ਰਸ਼ਨ-ਉੱਤਰ ਸੈਸ਼ਨ ਵਿੱਚ ਹਿੱਸਾ ਲਿਆ) ਨਾਲ ਸੰਪਰਕ ਕਾਇਮ ਕੀਤਾ। ਕ੍ਰਿਸ਼ੀ ਗਿਆਨ ਵਾਹਨ ਸੂਬੇ ਵਿੱਚ ਉਪਲਬਧ ਵਿਸਥਾਰ ਸੇਵਾਵਾਂ ਨੂੰ ਬਿਹਤਰ ਬਣਾਉਣ ਦਾ ਟੀਚਾ ਰੱਖਦਾ ਹੈ ਤਾਂ ਕਿ ਬਿਹਾਰ ਵਿੱਚ ਖੇਤੀ ਉਤਪਾਦਕਤਾ ਵਧ ਸਕੇ। ਕਿਸਾਨਾਂ ਨੂੰ ਆਧੁਨਿਕ ਖੇਤੀ ਪੱਦਤੀਆਂ ਅਤੇ ਮਾਹਿਰਾਂ ਦੇ ਮਾਰਗਦਰਸ਼ਨ ਤੱਕ ਆਸਾਨ ਪਹੁੰਚ ਦੇ ਕੇ ਇਹ ਮਹੱਤਵਪੂਰਨ ਪ੍ਰਭਾਵ ਪੈਦਾ ਕਰਨ ਦਾ ਉਦੇਸ਼ ਰੱਖਦਾ ਹੈ। ਹਾਲਾਂਕਿ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਿ ਸਿਰਫ ਚਾਰ ਵਾਹਨਾਂ ਨਾਲ ਉੱਚੇ ਟੀਚਿਆਂ ਨੂੰ ਹਾਸਲ ਕਰਨਾ ਕਾਫ਼ੀ ਚੁਣੌਤੀਪੂਰਨ ਹੈ।

ਹੁਣੇ ਦਾਨ ਕਰੋ !

ਤੁਹਾਡਾ ਸਹਿਯੋਗ ਇੱਕ ਵੱਡਾ ਫਰਕ ਲਿਆਏਗਾ !

ਤੁਹਾਡੇ ਵੱਲੋਂ ਦਾਨ ਕੀਤਾ ਗਿਆ ਹਰ ਰੁਪਿਆ ਖੇਤੀ ਵਿਗਿਆਨ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਦੇ ਸਾਡੇ ਮਿਸ਼ਨ ਨੂੰ ਮਜ਼ਬੂਤ ਕਰਨ ਵੱਲ ਜਾਵੇਗਾ। ਤੁਹਾਡੇ ਸਮਰਥਨ ਦੀ ਕਿਸੇ ਵੀ ਰਕਮ ਦੀ ਡੂੰਘਾਈ ਨਾਲ ਸ਼ਲਾਘਾ ਕੀਤੀ ਜਾਂਦੀ ਹੈ।

ਹੁਣੇ ਸਕੈਨ ਕਰੋ ਅਤੇ ਦਾਨ ਕਰੋ !

G Pay
accepted here
AME FOUNDATION
+91 96060 84521
9606084521-1@okbizaxis
BHIM UPI